
**Headline**: REAL ESTATE DEVELOPERS IN TIER II & III CITIES



# ਟੀ.ਡੀ.ਆਈ. ਸਿਟੀ ਕੁੰਡਲੀ 'ਚ ਗੁਰਦੁਆਰੇ ਦੀ ਸਥਾਪਨਾ





ਨਵੀਂ ਦਿੱਲੀ (ਕਮਲਜੀਤ ਸਿੰਘ) :- ਟੀ.ਡੀ.ਆਈ. ਇਨਫ੍ਰਾਸਟ੍ਰਕਚਰ ਲਿਮਟਿਡ ਵੱਲੋਂ ਟੀ.ਡੀ.ਆਈ. ਸਿਟੀ ਕੁੰਡਲੀ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 1,000 ਗੱਜ ਦਾ ਪਲਾਟ ਦਿੱਤਾ ਗਿਆ ਹੈ। ਇਸ ਗੁਰਦੁਆਰੇ ਦੀ ਸਥਾਪਨਾ ਦੀ ਨੀਂਹ-ਪੱਥਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸਰਨਾ ਵੱਲੋਂ ਰਖਿਆ ਗਿਆ। ਟੀ.ਡੀ.ਆਈ. ਸਿਟੀ ਕੁੰਡਲੀ 1250 ਏਕੜ ਵਿੱਚ ਫੈਲਿਆ ਹੋਇਆ ਉਤਰੀ ਦਿੱਲੀ ਦਾ ਸਭ ਤੋਂ ਵੱਡਾ ਰਿਹਾਇਸ਼ੀ ਟਾਉਨ-ਸ਼ਿਪ ਬਣੇਗਾ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆ ਸ੍ਰ.ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਮਹੱਤਵਪੂਰਨ ਹੈ ਜਦੋਂ ਟੀ.ਡੀ.ਆਈ. ਸਿਟੀ ਕੁੰਡਲੀ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਜਾ ਰਹੀ ਹੈ, ਜੋ ਭਵਿਖ ਵਿੱਚ ਟੀ.ਡੀ.ਆਈ. ਸਿਟੀ ਵਿੱਚ ਰਹਿਣ ਵਾਲੇ ਲੋਕਾਂ ਲਈ ਅਧਿਆਤਮਕ ਕੇਂਦਰ ਬਣੇਗਾ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਧਰਮ ਦੀ ਰਾਹ ਦਿਖਾਏਗਾ।

ਸ੍ਰ. ਸਰਨਾ ਨੇ ਦਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਟੀ.ਡੀ.ਆਈ.ਪ੍ਰਵਾਰ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਨਾ ਕੇਵਲ ਗੁਰਦੁਆਰਾ ਸਾਹਿਬ ਬਲਕਿ ਮੰਦਿਰ ਦੀ ਸਥਾਪਨਾ ਲਈ ਵੀ ਜਮੀਨ ਦਿੱਤੀ ਹੈ।ਇਨ੍ਹਾਂ ਵੱਲੋਂ ਕੀਤੇ ਗਏ ਇਸ ਕਾਰਜ਼ ਨਾਲ ਟੀ.ਡੀ.ਆਈ. ਸਿਟੀ ਕੁੰਡਲੀ ਵਿੱਚ ਪਹਿਲਾਂ ਤੋਂ ਰਹਿ ਰਹੇ 250 ਪ੍ਰਵਾਰਾਂ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।

ਇਸ ਮੌਕੇ ਸ਼੍ਰੀ ਕਮਲ ਤਨੇਜਾ, ਮੈਨੇਜਿੰਗ ਡਾਇਰੈਕਟਰ, ਟੀ.ਡੀ.ਆਈ. ਇਨਫਾਰਸਟ੍ਰਕਚਰ ਲਿਮਟਿਡ ਨੇ ਕਿਹਾ ਕਿ ਸਾਡਾ ਵਾਧਾ ਸਿਰਫ ਟੀ.ਡੀ.ਆਈ.ਸਿਟੀ ਦੇ ਵਸਨੀਕਾਂ ਨੂੰ ਸੁਵਿਧਾ ਪ੍ਰਦਾਨ ਕਰਨਾ ਹੀ ਨਹੀਂ ਬਲਕਿ ਆਉਣ ਵਾਲੀਆਂ ਪੀੜੀਆਂ ਲਈ ਵੀ ਬਹੁ-ਮੁੱਲੀ ਜ਼ਾਇਦਾਦ ਬਨਾਣਾ ਹੈ। ਇੱਥੋਂ ਦੇ ਨਿਵਾਸਿਆਂ ਦੇ ਘਰਾਂ ਦੇ ਕੋਲ ਧਾਰਮਿਕ ਅਸਥਾਨ ਬਨਾਏ ਜਾਣ ਦੇ ਨਾਲ ਆਉਣ ਵਾਲੀਆਂ ਪੀੜੀਆਂ ਅਧਿਆਤਮਕ ਗਿਆਨ ਅਤੇ ਆਪਣੇ ਧਰਮ ਨੂੰ ਸਮਝ ਸਕਣਗੀਆਂ। ਭਾਈ ਚਮਨਜੀਤ ਸਿੰਘ ਲਾਲ ਅਤੇ ਉਹਨਾਂ ਦੇ ਸਾਥੀਆਂ ਨੇ ਗੁਰਬਾਣੀ ਕੀਰਤਨ ਗਾਇਨ ਕੀਤਾ ਅਤੇ ਅਰਦਾਸ ਉਪਰੰਤ ਗੁਰੂ ਕਾ ਲੰਗਰ ਆਈਆਂ ਸੰਗਤਾਂ ਨੂੰ ਛਕਾਇਆ ਗਿਆ। ਸ੍ਰ. ਸਰਨਾ ਨੇ ਆਏ ਹੋਏ ਮਹਿਮਾਨਾਂ ਅਤੇ ਇਸ ਸਮਾਰੋਹ ਵਿੱਚ ਸ਼ਾਮਿਲ ਸੰਗਤਾਂ ਦਾ ਧੰਨਵਾਦ ਕੀਤਾ।